ਭਗਤ ਨਾਮਦੇਵ - ਸਬਦ ੫੧

ਲੋਭ ਲਹਰਿ ਅਤਿ ਨੀਝਰ ਬਾਜੈ ॥

ਰਾਗੁ ਬਸੰਤੁ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੯੬

ਲੋਭ ਲਹਰਿ ਅਤਿ ਨੀਝਰ ਬਾਜੈ ॥
ਕਾਇਆ ਡੂਬੈ ਕੇਸਵਾ ॥੧॥
ਸੰਸਾਰੁ ਸਮੁੰਦੇ ਤਾਰਿ ਗੋਬਿੰਦੇ ॥
ਤਾਰਿ ਲੈ ਬਾਪ ਬੀਠੁਲਾ ॥੧॥ ਰਹਾਉ ॥
ਅਨਿਲ ਬੇੜਾ ਹਉ ਖੇਵਿ ਨ ਸਾਕਉ ॥
ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥
ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋ ਕਉ ॥
ਪਾਰਿ ਉਤਾਰੇ ਕੇਸਵਾ ॥੩॥
ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥
ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥੨॥

ਸਾਰ: ਬੇਕਾਬੂ ਇੱਛਾਵਾਂ ਮਨ ਦੀ ਸਥਿਰਤਾ ਅਤੇ ਸਪਸ਼ਟਤਾ ਨੂੰ ਨਿਰਜਿੰਦ ਕਰ ਸਕਦੀਆਂ ਹਨ। ਜੋ ਸ਼ੁਰੂਆਤੀ ਦੌਰ ਵਿਚ ਇਕ ਸਧਾਰਣ ਲਾਲਸਾ ਵਜੋਂ ਉੱਭਰਦੀਆਂ ਹਨ, ਪਰ ਪੂਰੀਆਂ ਨਾ ਹੋਣ ਦੀ ਸ਼ਰਤ ਵਿਚ ਅੰਤਰੀਵੀ ਬੇਚੈਨੀ ਅਤੇ ਖਾਲੀਪਣ ਦਾ ਕਾਰਨ ਬਣ ਸਕਦੀਆਂ ਹਨ। ਉਸ ਵੇਲੇ ਅੰਤਰੀਵੀ ਅਸ਼ਾਂਤੀ ਹੋਰ ਵਧ ਜਾਂਦੀ ਹੈ, ਜਦੋਂ ਅਸੀਂ ਲਾਲਸਾ ਨੂੰ ਅਸਥਾਈ ਭਾਵਨਾ ਦੇ ਤੌਰ ‘ਤੇ ਪਛਾਣਨ ਦੀ ਥਾਂ ਆਪਣੀ ਪਹਿਚਾਣ ਦਾ ਮੂਲ ਅੰਗ ਮੰਨ ਲੈਂਦੇ ਹਾਂ। ਹਰ ਉੱਭਰਦੀ ਇੱਛਾ ’ਤੇ ਤੁਰੰਤ ਅਮਲ ਕਰਨ ਦੀ ਥਾਂ ਜਦੋਂ ਸਹਿਜ ਰੂਪ ਵਿਚ ਇਸ ਦਾ ਵਿਰੋਧ ਕੀਤਾ ਜਾਵੇ ਤਾਂ ਬਿਬੇਕ ਦੀ ਦਾਤ ਵਿਕਸਤ ਹੁੰਦੀ ਹੈ। ਇਹ ਵਰਤਾਰਾ ਸਾਨੂੰ ਠਹਿਰਨ, ਵਿਚਾਰਨ ਅਤੇ ਅਤੇ ਉਸ ਵਸਤ ਨੂੰ ਤਿਆਗਣ ਦਾ ਮੌਕਾ ਦਿੰਦਾ ਹੈ ਜੋ ਸਾਡੇ ਰੂਹਾਨੀ ਵਿਕਾਸ ਲਈ ਲਾਭਦਾਇਕ ਨਹੀਂ ਹੈ। ਆਤਮ-ਚਿੰਤਨ ਅਤੇ ਨਿਮਰਤਾ ਨੂੰ ਧਾਰਨ ਕਰ, ਅਸੀਂ ਸੱਚ ਅਧਾਰਿਤ ਗਿਆਨ ਦੀ ਪ੍ਰਾਪਤੀ ਕਰਦੇ ਹਾਂ, ਜਿਸ ਨਾਲ ਮਨ ਹੋਰ ਸਪਸ਼ਟ ਹੁੰਦਾ ਜਾਂਦਾ ਹੈ। ਇਹ

ਪ੍ਰਕਿਰਿਆ ਪ੍ਰਗਟ ਕਰਦੀ ਹੈ ਕਿ ਅਸਲ ਆਜ਼ਾਦੀ ਉਸ ਵੇਲੇ ਉੱਭਰਦੀ ਹੈ, ਜਦੋਂ ਅਸੀਂ ਲਾਲਸਾ ਤੋਂ ਉੱਪਰ ਉੱਠ ਕੇ ਅੰਤਰੀਵੀ ਸਥਿਰਤਾ ਅਤੇ ਸ਼ਾਂਤੀ ਦੀ ਅਵਸਥਾ ਵਿਚ ਪ੍ਰਵੇਸ਼ ਕਰਦੇ ਹਾਂ।

ਲੋਭ ਲਹਰਿ ਅਤਿ ਨੀਝਰ ਬਾਜੈ ॥

ਲੋਭ ਦੀਆਂ ਲਹਿਰਾਂ ਦੀ ਗੂੰਜ ਤੀਬਰ ਅਤੇ ਤਿੱਖੀ ਹੁੰਦੀ ਹੈ। ਇਹ ਭਾਵ ਲਾਲਸਾ ਨੂੰ ਅੰਤਰੀਵੀ ਸ਼ੋਰ ਵਜੋਂ ਦਰਸਾਉਂਦਾ ਹੈ ਜੋ ਅਥਾਹ ਅਤੇ ਬੇਰੋਕ ਹੁੰਦਾ ਹੈ, ਜਿਸ ਨਾਲ ਮਨ ਦੀ ਸਾਰੀ ਇਕਾਗਰਤਾ ਇਸ ਦੇ ਵੱਸ ਵਿਚ ਹੋ ਜਾਂਦੀ ਹੈ ਅਤੇ ਸਹੀ-ਗਲਤ ਦੀ ਪਰਖ ਕਰਨ ਦੀ ਸਮਰੱਥਾ ਨਿਰਬਲ ਹੋ ਜਾਂਦੀ ਹੈ।

ਕਾਇਆ ਡੂਬੈ ਕੇਸਵਾ ॥੧॥

ਹੇ ਕੇਸ਼ਵ, ਸਰਬ-ਵਿਆਪਕ ਅਤੇ ਨਿਡਰ ਸਤਾ! ਇਹ ਦੇਹ ਅਤੇ ਮਨ ਡੁੱਬ ਰਿਹਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਪਦਾਰਥਵਾਦ ਦੇ ਭਰਮ ਅੰਤਹਕਰਣ ’ਤੇ ਬੋਝ ਬਣ ਜਾਂਦੇ ਹਨ, ਤਾਂ ਮਨੁੱਖ ਦੀ ਆਤਮ-ਜਾਗਰੂਕਤਾ ਹੌਲੀ-ਹੌਲੀ ਨਿਰਬਲ ਹੋਣ ਲੱਗਦੀ ਹੈ। (੧)

ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ ॥

ਹੇ ਗੋਵਿੰਦ, ਸਰਬ-ਵਿਆਪਕ ਅਤੇ ਸਭ ਦੀ ਪਾਲਣਹਾਰ ਸਤਾ! ਮੈਨੂੰ ਇਸ ਸੰਸਾਰਕ ਉਲਝਣਾਂ ਦੇ ਭਵ-ਸਾਗਰ ਵਿਚੋਂ ਪਾਰ ਲੰਘਾ। ਇਹ ਭਾਵ ਦਰਸਾਉਂਦਾ ਹੈ ਕਿ ਜੀਵਨ ਦੀ ਡਗਮਗਾਹਟ ਵਿਚਕਾਰ ਅੰਤਰੀਵੀ ਸਥਿਰਤਾ ਦੀ ਖੋਜ ਕਰਨੀ ਜ਼ਰੂਰੀ ਹੈ, ਤਾਂ ਜੋ ਇਸ ਰਾਹੀਂ ਮਨ ਅਤੇ ਅੰਤਰ-ਆਤਮਾ ਦਾ ਨਿਘਾਰ ਨਾ ਹੋ ਜਾਵੇ।

ਤਾਰਿ ਲੈ ਬਾਪ ਬੀਠੁਲਾ ॥੧॥ ਰਹਾਉ ॥

ਹੇ ਬਿਠੁਲਾ, ਸਰਬ-ਵਿਆਪਕ ਅਤੇ ਪਾਲਣਹਾਰ ਸਤਾ! ਮਾਪਿਆਂ ਵਾਂਗ ਮੇਰਾ ਸਹਾਰਾ ਬਣ ਕੇ ਮੈਨੂੰ ਇਸਨੂੰ ਪਾਰ ਲੰਘਾ। ਇਹ ਪੁਕਾਰ ਅੰਤਰੀਵੀ ਆਪੇ ਵੱਲ ਸੰਕੇਤ ਕਰਦੀ ਹੈ, ਉਹੀ ਸਤਾ ਜੋ ਜਾਗਰੂਕਤਾ ਪ੍ਰਾਪਤ ਕਰਕੇ ਮਨ ਨੂੰ ਉੱਚਾ ਉਠਣ ਅਤੇ ਆਤਮਿਕ ਵਿਕਾਸ ਵੱਲ ਅੱਗੇ ਵਧਣ ਵਿਚ ਸਹਾਇਤਾ ਕਰਦੀ ਹੈ। (੧)(ਠਹਿਰਾਉ)

ਅਨਿਲ ਬੇੜਾ ਹਉ ਖੇਵਿ ਨ ਸਾਕਉ ॥

ਹਵਾ ਦੇ ਤੇਜ਼ ਵਹਾਅ ਕਾਰਣ ਮੈਂ ਕਿਸ਼ਤੀ ਨੂੰ ਚਲਾਉਣ ਵਿਚ ਅਸਫ਼ਲ ਹਾਂ। ਇਹ ਭਾਵ ਮਨ ਦੀ ਉਸ ਅਸਮਰੱਥਾ ਨੂੰ ਸਵੀਕਾਰਣ ਦਾ ਸੰਕੇਤ ਹੈ, ਜਿਸ ਕਾਰਣ ਇਹ ਹਉਮੈਂ ਕਾਰਣ ਉਪਜਣ ਵਾਲੀਆਂ ਇੱਛਾਵਾਂ, ਸੰਸਕਾਰਾਂ ਅਤੇ ਡਰ ਦੇ ਵਿਰੁੱਧ ਨਹੀਂ ਜਾ ਸਕਦਾ।

ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥

ਹੇ ਬੀਠਲ, ਸਰਬ-ਵਿਆਪਕ ਚੇਤਨਾ ਮੈਨੂੰ ਤੇਰਾ ਕੰਢਾ ਨਸੀਬ ਨਹੀਂ ਹੋਇਆ! ਇਹ ਭਾਵ ਮਨ ਦੀ ਉਸ ਅਸਮਰਥਾ ਨੂੰ ਦਰਸਾਉਂਦਾ ਹੈ ਜੋ ਹੋਂਦ ਦੇ ਤੱਤਸਾਰ ਨੂੰ ਸਿਰਫ਼ ਦੇਹੀ ਦੀਆਂ ਕਿਰਿਆਵਾਂ ਰਾਹੀਂ ਪ੍ਰਾਪਤ ਕਰਨ ਦਾ ਉਦਮ ਕਰਦਾ ਹੈ, ਜਿਸ ਵਿਚ ਵਿਚਾਰਾਂ ਦੀ ਸਪਸ਼ਟਤਾ ਲਈ ਕੋਈ ਥਾਂ ਨਹੀਂ ਹੁੰਦੀ। (੨)

ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋ ਕਉ ॥

ਸਤਿ ਰੂਪੀ ਰੂਹਾਨੀ ਬਿਬੇਕ ਰਾਹੀਂ ਅੰਤਰੀਵੀ ਦਿਆਲਤਾ ਪੈਦਾ ਹੋਣ ਦਿਓ, ਅਤੇ ਮੈਂ ਸਰਬ ਵਿਆਪਕ ਚੇਤਨਾ ਵਿਚ ਲੀਨ ਹੋ ਜਾਵਾਂ। ਇਹ ਭਾਵ ਵਲੀਨਤਾ ਨੂੰ ਨਿੱਜ-ਕ੍ਰਿਪਾ ਵੱਜੋਂ ਦਰਸਾਉਂਦਾ ਹੈ ਜੋ ਬਿਬੇਕ ਅਤੇ ਮੂਲ ਗੁਣਾਂ ਦੀ ਮੁੜ ਘਾੜਤ ਘੜਦੀ ਹੈ।

ਪਾਰਿ ਉਤਾਰੇ ਕੇਸਵਾ ॥੩॥

ਹੇ ਕੇਸ਼ਵ! ਸਰਬ-ਵਿਆਪੀ ਊਰਜਾ, ਮੈਨੂੰ ਪਾਰ ਲੰਘਾ ਦਿਓ। ਇਹ ਭਾਵ ਦਵੈਤ ਵਿਚ ਡੁੱਬਣ ਦੀ ਥਾਂ ਜਾਗਰੂਕਤਾ ਤੱਕ ਲੈ ਜਾਣ ਵਾਲੇ ਕਿਨਾਰੇ ਦੀ ਭਾਲ ਦਾ ਪ੍ਰਤੀਕ ਹੈ। (੩)

ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥

ਨਾਮਦੇਵ ਕਹਿੰਦੇ ਹਨ ਕਿ ਉਨ੍ਹਾਂ ਨੂੰ ਤੈਰਨਾ ਵੀ ਨਹੀਂ ਆਉਂਦਾ। ਇਹ ਭਾਵ ਉਸ ਨਿਮਰਤਾ ਦਾ ਪ੍ਰਤੀਕ ਹੈ ਜੋ ਜਾਗਰੂਕਤਾ ਦੀ ਘਾਟ ਨੂੰ ਸਵਿਕਾਰ ਕਰਦੀ ਹੈ, ਜਿਸ ਕਾਰਣ ਹਉਮੈ ਦਾ ਜਾਲ ਤੋਂ ਮੁਕਤ ਹੋਣ ਵਾਲੀ ਬੇਬਸੀ ਨੂੰ ਦੱਸਿਆ ਜਾਂਦਾ ਹੈ।

ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥੨॥

ਹੇ ਬੀਠਲ! ਸਰਬ-ਵਿਆਪੀ ਚੇਤਨਾ, ਮੈਨੂੰ ਆਪਣੀ ਬਾਂਹ ਦਿਓ, ਮੈਨੂੰ ਆਪਣਾ ਸਹਾਰਾ ਦਿਓ। ਇਹ ਭਾਵ ਰੂਹਾਨੀ ਰਾਹਨੁਮਾਈ ਦੀ ਤਲਬ, ਅਨੁਭਵ ਅਧਾਰਿਤ ਗਿਆਨ, ਅੰਤਰੀਵੀ ਸਹਾਰੇ ਦੀ ਸਥਿਰਤਾ ਨੂੰ ਦਰਸਾਉਂਦਾ ਹੈ ਜਿਸ ਨਾਲ ਅੰਤਹਕਰਣ ਨੂੰ ਹਉਮੈ ਅਤੇ ਭਰਮ ਦੇ ਜਾਲ ਵਿਚੋਂ ਮੁਕਤ ਕੀਤਾ ਜਾਂਦਾ ਹੈ। (੪)(੨)

ਤੱਤ: ਭਗਤ ਨਾਮਦੇਵ ਇਸ ਅਨੁਭਵ ਵੱਲ ਸੰਕੇਤ ਕਰਦੇ ਹਨ ਕਿ ਜਦੋਂ ਜਾਗਰੂਕਤਾ ਦੀ ਘਾਟ ਹੋਵੇ, ਤਾਂ ਹਉਮੈ ਦੀਆਂ ਲਹਿਰਾਂ ਬਹੁਤ ਪ੍ਰਬਲ ਹੁੰਦੀਆਂ ਹਨ। ਉਹ ਸਮਝਾਉਂਦੇ ਹਨ ਕਿ ਹਉਮੈ ਦੀ ਜਕੜ ਅਜਿਹੀ ਹੁੰਦੀ ਹੈ ਜਿਵੇਂ ਕੋਈ ਸਮੁੰਦਰੀ ਤੂਫ਼ਾਨ ਵਿਚ ਫਸਿਆ ਹੋਵੇ, ਕੰਢਾ ਕਿਧਰੇ ਨਜ਼ਰ ਨਾ ਆਵੇ ਅਤੇ ਨਾ ਹੀ ਤਰਨਾ ਆਉਂਦਾ ਹੋਵੇ। ਉਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਜਦੋਂ ਜੀਵਨ ਦੀ ਕਿਸ਼ਤੀ ਡੁੱਬ ਰਹੀ ਹੋਵੇ, ਤਾਂ ਉਸ ਸਮੇਂ ਇਕੋ ਇਕ ਸਹਾਰਾ ਬਚਦਾ ਹੈ, ਸੱਚੇ ਦਿਲੋਂ ਕੀਤੀ ਅਰਦਾਸ ਜੋ ਹਮੇਸ਼ਾਂ ਸਾਡੇ ਅੰਦਰ ਵਿਦਮਾਨ ਹੁੰਦੀ ਹੈ। ਇਸੇ ਤਰ੍ਹਾਂ, ਜਦੋਂ ਹਉਮੈ ਸਾਨੂੰ ਭਰਮਾਂ ਵਿਚ ਡੁਬੋ ਦਿੰਦੀ ਹੈ, ਤਾਂ ਅਸੀਂ ਰੂਹਾਨੀ ਗਿਆਨ ਰਾਹੀਂ ਪ੍ਰਾਪਤ ਹੋਈ ਸੋਝੀ ਦਾ ਸਹਾਰਾ ਲੈ ਸਕਦੇ ਹਾਂ, ਜੋ ਸਾਨੂੰ ਸਰਬ-ਵਿਆਪਕਤਾ ਰੂਪੀ ਅਡੋਲ ਸਤਿ ਨਾਲ ਜੋੜ ਦਿੰਦੀ ਹੈ। ਇਸ ਵਿਚੋਂ ਸਾਨੂੰ ਇਹ ਸਿੱਖਿਆ ਨਸੀਬ ਹੁੰਦੀ ਹੈ ਕਿ ਰੂਹਾਨੀਅਤ ਦੀ ਪ੍ਰਾਪਤੀ ਕਿਸੇ ਮੁਹਾਰਤ ਅਧਾਰਿਤ ਤਜ਼ਵੀਜ਼ਾਂ ਉਪਰ ਨਹੀਂ ਟਿਕੀ ਇਸ ਲਈ ਤਾਂ ਸੁਚੇਤਤਾ, ਅਨੁਭਵੀ ਗਿਆਨ ਅਤੇ ਸਹਿਜਤਾ ਦੀ ਲੋੜ ਹੁੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**